# ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ

## ਪੁਸਤਕ ਕੇਂਦਰ

ਪੰਜਾਬੀ ਸਾਹਿਤ ਅਕਾਡਮੀ ਵੱਲੋਂ ਪੰਜਾਬੀ ਭਵਨ ਲੁਧਿਆਣਾ ਵਿਖੇ ਸਥਾਪਿਤ ਪੁਸਤਕ ਪ੍ਰਦਰਸ਼ਨੀ ਅਤੇ ਪੁਸਤਕ ਵਿਕਰੀ ਕੇਂਦਰ ਵਿਚ ਪੁਸਤਕਾਂ ਦੇ ਪ੍ਰਦਰਸ਼ਨ ਅਤੇ ਵਿਕਰੀ ਦਾ ਪ੍ਰਬੰਧ ਕੀਤਾ ਗਿਆ ਹੈ ਜਿਸ ਨੂੰ ਨਿਮਨ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ :

**1. ਅਕਾਡਮੀ ਦੀਆਂ ਪੁਸਤਕਾਂ :**

ਇਸ ਵਿਭਾਗ ਵਿਚ ਅਕਾਡਮੀ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਦੀ ਪੱਕੇ ਤੌਰ 'ਤੇ ਪ੍ਰਦਰਸ਼ਨੀ ਲਗਾਈ ਜਾਵੇਗੀ ਅਤੇ ਹਰ ਪੁਸਤਕ ਅੱਧੇ ਮੁੱਲ 'ਤੇ ਦਿੱਤੀ ਜਾਵੇਗੀ।

**2. ਲੇਖਕਾਂ ਦੀਆਂ ਪੁਸਤਕਾਂ :**

ਪੰਜਾਬੀ ਸਾਹਿਤ ਦੇ ਪਰਸਾਰ ਅਤੇ ਲਿਖਤਾਂ ਨੂੰ ਪਾਠਕਾਂ ਤੱਕ ਪਹੁੰਚਾਉਣ ਲਈ ਅਕਾਡਮੀ ਪੁਸਤਕ ਵਿਕਰੀ ਕੇਂਦਰ ਦੀ ਸਹੂਲਤ ਪ੍ਰਦਾਨ ਕਰਦੀ ਹੈ। ਹੇਠਲੇ ਨਿਯਮਾਂ ਅਨੁਸਾਰ ਕੋਈ ਵੀ ਲੇਖਕ ਆਪਣੀਆਂ ਪੁਸਤਕਾਂ ਦੀ ਵਿਕਰੀ ਲਈ ਇਸ ਸਹੂਲਤ ਦੀ ਵਰਤੋਂ ਕਰ ਸਕਦਾ ਹੈ :

(ੳ) ਪੁਸਤਕ ਪੰਜਾਬੀ ਸਾਹਿਤ, ਸਭਿਆਚਾਰ, ਕਲਾ ਤੇ ਖੋਜ ਨਾਲ ਸਬੰਧਿਤ ਹੋਣੀ ਚਾਹੀਦੀ ਹੈ।

(ਅ) ਲੇਖਕ ਹੇਠ ਲਿਖੇ ਨਿਯਮ (ੲ) ਅਨੁਸਾਰ ਸਿਰਲੇਖ (Title) ਵਿਕਰੀ ਲਈ ਰੱਖ ਸਕਦਾ ਹੈ। ਵਿਕਰੀ ਲਈ ਉਪਲਭਦ ਪੁਸਤਕਾਂ ਦੀ ਸੂਚੀ ਕੇਂਦਰ ਵਿਚ ਰੱਖੀ ਜਾਵੇਗੀ। ਪੁਸਤਕਾਂ ਦੀ ਸੂਚੀ ਅਕਾਡਮੀ ਦੀ ਵੈੱਬ ਸਾਈਟ 'ਤੇ ਵੀ ਉਪਲੱਬਦ ਹੋਵੇਗੀ।

(ੲ) ਪੰਜ ਸਿਰਲੇਖਾਂ ਦੀਆਂ ਪੰਜ-ਪੰਜ ਕਾਪੀਆਂ ਹੀ ਇਕੋ ਵੇਲੇ ਰੱਖੀਆਂ ਜਾ ਸਕਦੀਆਂ ਹਨ। ਪਰ ਪੰਜ ਤੋਂ ਵੱਧ ਸਿਰਲੇਖਾਂ ਦੀਆਂ ਸਿਰਫ਼ ਦੋ ਦੋ ਕਾਪੀਆਂ ਹੀ ਰੱਖੀਆਂ ਜਾ ਸਕਦੀ ਹਨ। ਹਰੇਕ ਸਿਰਲੇਖ ਦੀਆਂ ਘੱਟੋ ਘੱਟ ਵੀਹ ਕਿਤਾਬਾਂ ਮੰਗਣ 'ਤੇ ਲੇਖਕ ਪਹੁੰਚਾਉਣ ਦੀ ਜ਼ਿੰਮੇਂਵਾਰੀ ਲਵੇਗਾ। (ਹਰੇਕ ਸਿਰਲੇਖ ਦੀਆਂ ਲੇਖਕ ਕੋਲ ਘੱਟੋ ਘੱਟ 20 ਕਾਪੀਆਂ ਜ਼ਰੂਰ ਹੋਣੀਆਂ ਚਾਹੀਦੀਆਂ ਹਨ)

(ਸ) ਅਕਾਡਮੀ ਪੁਸਤਕਾਂ 60% ਛੋਟ 'ਤੇ ਲਵੇਗੀ ਅਤੇ 50% ਛੋਟ 'ਤੇ ਪਾਠਕਾਂ ਨੂੰ ਵੇਚੀਆਂ ਜਾਣਗੀਆਂ।

(ਹ) ਲੇਖਕ ਨੂੰ ਵਿਕਰੀ ਦੀ ਰਕਮ, ਕਿਤਾਬ ਰੱਖਣ ਤੋਂ ਸਾਲ ਬਾਅਦ ਦਿੱਤੀ ਜਾਵੇਗੀ।

(ਕ) ਪੁਸਤਕਾਂ ਦੀ ਸਾਂਭ ਸੰਭਾਲ ਅਕਾਡਮੀ ਪੂਰੇ ਧਿਆਨ ਨਾਲ ਕਰੇਗੀ। ਫਿਰ ਵੀ ਜੇ ਪੁਸਤਕਾਂ ਨੂੰ ਕੋਈ ਕੁਦਰਤੀ ਜਾਂ ਆਫ਼ਤ ਰਾਹੀਂ ਨੁਕਸਾਨ (ਗ਼ੈਰ ਜ਼ਿੰਮੇਂਵਾਰੀ ਤੋਂ ਬਿਨਾਂ) ਪੁੱਜਦਾ ਹੈ ਜਾਂ ਨਸ਼ਟ ਹੁੰਦੀਆਂ ਹਨ, ਤਾਂ ਅਕਾਡਮੀ ਜ਼ਿੰਮੇਂਵਾਰ ਨਹੀਂ ਹੋਵੇਗੀ।

(ਖ) ਇਕ ਸਾਲ ਤੋਂ ਬਾਅਦ ਨਾ ਵਿਕੀਆਂ ਪੁਸਤਕਾਂ ਨੂੰ ਇਕ ਮਹੀਨੇ ਦੇ ਅੰਦਰ ਅੰਦਰ ਲੇਖਕ ਪੁਸਤਕਾਂ ਦੀ ਵਿਕਰੀ ਦਾ ਹਿਸਾਬ ਕਰਕੇ ਬਣਦੇ ਪੈਸੇ ਲੈਣ ਅਤੇ ਬਾਕੀ ਬਚਦੀਆਂ ਪੁਸਤਕਾਂ ਵਾਪਸ ਲੈਣ ਲਈ ਜ਼ਿੰਮੇਂਵਾਰ ਹੋਵੇਗਾ। ਉਸ ਤੋਂ ਬਾਅਦ ਅਕਾਡਮੀ ਉਨ੍ਹਾਂ ਪੁਸਤਕਾਂ ਦਾ ਨਿਪਟਾਰਾ (ਦਾਨ, ਇਨਾਮ, ਸਨਮਾਨ, ਵਿਕਰੀ ਆਦਿ) ਕਰਨ ਦੀ ਹੱਕਦਾਰ ਹੋਵੇਗੀ।

**ਅੰਤਿਕਾ**

(1) ਉਪਰੋਕਤ ਨਿਯਮਾਂ ਨੂੰ ਬਦਲਣ, ਰੱਦ ਕਰਨ ਅਤੇ ਨਵੇਂ ਨਿਯਮ ਬਣਾਉਣ ਦਾ ਅਧਿਕਾਰ ਅਕਾਡਮੀ ਦਾ ਰਾਖਵਾਂ ਹੋਵੇਗਾ।

(2) ਉਪਰੋਕਤ ਪੁਸਤਕ ਕੇਂਦਰ ਵਿਚ ਪ੍ਰਦਰਸ਼ਨੀ ਤੇ ਵਿਕਰੀ ਸੰਬੰਧੀ ਕੋਈ ਵੀ ਵਾਦ-ਵਿਵਾਦ ਅਕਾਡਮੀ ਦੇ ਪ੍ਰਬੰਧਕੀ ਬੋਰਡ ਵੱਲੋਂ ਭਾਈਚਾਰਕ ਸਾਂਝ/ਲੇਖਕਾਂ ਦੇ ਹਿਤਾਂ ਅਤੇ ਅਕਾਡਮੀ ਦੇ ਮੰਤਵਾਂ ਅਨੁਸਾਰ ਸੰਬੰਧਿਤ ਸ਼ਿਕਾਇਤਕਰਤਾ ਦੀ ਹਾਜ਼ਰੀ ਵਿਚ ਹੱਲ ਕੀਤਾ ਜਾਵੇਗਾ।

office/misc/rule-Book shop Feb 2014/s.k